WCB FACTS 2020

# ਨਿਰਧਾਰਨ ਕਰਨ ਯੋਗ ਪੇਰੋਲ

ਹਰੇਕ ਸਾਲ, ਰੁਜ਼ਗਾਰਦਾਤਾ ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਨੂੰ ਪੇਰੋਲ ਦੀ ਰਿਪੋਰਟ ਕਰਦੇ ਹਨ ਜੋ ਇਸ ਦਾ ਹਿਸਾਬ ਰੱਖਣ ਵਿੱਚ ਮਦਦ ਕਰਦਾ ਹੈ ਕਿ ਰੁਜ਼ਗਾਰਦਾਤਾ ਨੂੰ ਉਹਨਾਂ ਦੇ ਵਰਕਰਜ਼ ਕਮਪਨਸੇਸ਼ਨ ਬੀਮਾ ਕਵਰੇਜ ਲਈ ਪ੍ਰੀਮੀਅਮ ਵਿੱਚ ਕਿੰਨਾ ਭੁਗਤਾਨ ਕਰਨ ਦੀ ਲੋੜ ਹੈ।

ਪੇਰੋਲ ਵਿੱਚ ਕਾਮਿਆਂ ਦੀ ਆਮਦਨੀ, ਸਰਸਰੀ ਲੇਬਰ ਦੀ ਆਮਦਨੀ ਅਤੇ ਠੇਕੇ ਤੇ ਕਾਮਿਆਂ ਦੀ ਅਦਾਇਗੀਆਂ ਦੀ ਲੇਬਰ ਪੋਰਸ਼ਨ ਸ਼ਾਮਿਲ ਹੁੰਦੀ ਹੈ। (ਠੇਕੇ ਤੇ ਕਾਮਿਆਂ ਬਾਰੇ ਵਧੇਰੇ ਖਾਸ ਜਾਣਕਾਰੀ ਲਈ, WCB ਦੀ ਵੈੱਬਸਾਈਟ ਤੇ ਠੇਕੇ ਵਾਲੇ ਮਜ਼ਦੂਰਾਂ ਲਈ FAQ ਮੁਲਾਂਕਣ ਨਿਰਧਾਰਨ ਨੂੰ ਦੇਖੋ)। ਰੁਜ਼ਗਾਰਦਾਤਾਵਾਂ ਨੂੰ ਉਹਨਾਂ ਦੇ ਕੁੱਲ ਪੇਰੋਲ ਅਤੇ ਉਹਨਾਂ ਦੀ ਨਿਰਧਾਰਨ ਕਰਨ ਯੋਗ ਪੇਰੋਲ ਦੋਵਾਂ ਦੀ ਰਿਪੋਰਟ ਲਈ ਕਿਹਾ ਜਾਂਦਾ ਹੈ। ਜਿਆਦਾਤਰ ਕਾਰੋਬਾਰਾਂ ਲਈ, ਇਹ ਰਾਸ਼ੀ ਇੱਕੋ ਜਿਹੀ ਹੈ।

## ਪੇਰੋਲ ਅਤੇ ਆਮਦਨੀ ਵਿੱਚ ਕੀ ਅੰਤਰ ਹੈ?

WCB ਦੇ ਉਦੇਸ਼ ਲਈ, ਆਮਦਨੀ ਉਸਦਾ ਹਵਾਲਾ ਦਿੰਦੀ ਹੈ ਜਿਸ ਵਿੱਚ ਹਰੇਕ ਵਿਅਕਤੀਗਤ ਕਾਮੇ ਨੂੰ ਉਸਦੇ ਕੰਮ ਲਈ ਪੈਸਾ ਦਿੱਤਾ ਜਾਂਦਾ ਹੈ। ਪੇਰੋਲ ਸਾਰੇ ਕਵਰਡ ਕਾਮਿਆਂ ਦੀ ਕੁੱਲ ਆਮਦਨੀ ਨੂੰ ਦਰਸ਼ਾਉਂਦਾ ਹੈ (ਇਸ ਵਿੱਚ ਨਿੱਜੀ ਕਵਰੇਜ ਵਾਲੇ ਵਿਅਕਤੀ ਸ਼ਾਮਿਲ ਨਹੀਂ ਹਨ) ਅਤੇ ਇਹ ਉਹਨਾਂ ਵਿਅਕਤੀਆਂ ਦੀ ਆਮਦਨੀ ਨੂੰ ਸ਼ਾਮਿਲ ਕਰਦਾ ਹੈ ਜਿਨ੍ਹਾਂ ਨੂੰ ਕਾਰੋਬਾਰ ਦੁਆਰਾ T4ਸਲਿੱਪ ਜਾਰੀ ਨਹੀਂ ਕੀਤੀ ਹੁੰਦੀ।

## ਕੁੱਲ ਪੇਰੋਲ ਅਤੇ ਨਿਰਧਾਰਨ ਕਰਨ ਯੋਗ ਪੇਰੋਲ ਵਿੱਚਕਾਰ ਕੀ ਅੰਤਰ ਹੈ?

ਪ੍ਰਤੀ ਕਾਮੇ, ਉਹ ਰਾਸ਼ੀ ਜਿਸਦੀ ਰੁਜ਼ਗਾਰਦਾਤਾ ਰਿਪੋਰਟ ਕਰਦੇ ਹਨ, ਉਹ ਇੱਕ ਸੀਮਾ ਜਾਂ ਜਿਆਦਾਤਰ ਨਿਰਧਾਰਨ ਕਰਨ ਯੋਗ ਆਮਦਨੀ ਦੇ ਪੱਧਰ ਦਾ ਵਿਸ਼ਾ ਹੈ। ਰੁਜ਼ਗਾਰਦਾਤਾ ਇੱਕ ਕਾਮੇ ਦੀ ਆਮਦਨੀ ਦੇ ਭਾਗ ਤੇ ਇੱਕ ਪ੍ਰੀਮੀਅਮ ਚਾਰਜ ਨਹੀਂ ਕਰਦੇ ਹਨ ਜੋ ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ ਤੋਂ ਵੱਧ ਹੈ। ਉਦਾਹਰਨ ਵਜੋਂ, ਜੇ 2020 ਵਿੱਚ ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ $127,000 ਹੈ ਅਤੇ ਤੁਹਾਡੇ ਸਾਰੇ ਕਾਮੇ ਉਸ ਆਮਦਨੀ ਤੋਂ ਘੱਟ ਕਮਾਉਂਦੇ ਹਨ, ਫਿਰ ਕੁੱਲ ਪੇਰੋਲ ਅਤੇ ਨਿਰਧਾਰਨ ਕਰਨ ਯੋਗ ਪੇਰੋਲ ਇੱਕੋ ਜਿਹੀਆਂ ਰਾਸ਼ੀਆਂ ਹਨ।

ਜੇ ਕੋਈ ਵਿਅਕਤੀਗਤ ਕਾਮਾ(ਮੇ) 2020 ਵਿੱਚ $127,000 ਤੋਂ ਵੱਧ ਕਮਾਉਂਦਾ ਹੈ, ਤਾਂ ਰੁਜ਼ਗਾਰਦਾਤਾ ਨੂੰ ਇਸਦੀ ਰਿਪੋਰਟ ਉਹਨਾਂ ਵਿਅਕਤੀਆਂ ਦੀ ਆਮਦਨੀ ਸਿਰਫ ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ ਵਜੋਂ ਕਰਨੀ ਚਾਹੀਦੀ ਹੈ।

ਕੁਲ ਰਾਸ਼ੀ ਕੁੱਲ ਪੇਰੋਲ ਵਜੋਂ ਦੇਖੀ ਗਈ ਹੈ ਅਤੇ ਹੱਦਬੰਦੀ ਵਾਲੀ ਆਮਦਨੀ ਨਿਰਧਾਰਨ ਕਰਨ ਯੋਗ ਪੇਰੋਲ ਵਜੋਂ ਦੇਖੀ ਜਾਂਦੀ ਹੈ।

## ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ ਦੇ ਪੱਧਰ ਨੂੰ ਕਿਵੇਂ ਲਾਗੂ ਕੀਤਾ ਜਾਵੇ ਦੇ ਉਦਾਹਰਨ:

ਇੱਕ ਕਾਰੋਬਾਰ ਕੋਲ 2002 ਵਿੱਚ ਦੋ ਕਾਮੇ ਹਨ। ਇਹ ਅਨੁਮਾਨ ਹੈ ਕਿ ਇੱਕ ਕਾਮਾ $130,000 ਅਤੇ ਦੂਜਾ ਕਾਮਾ $105,000 ਕਮਾਏਗਾ। 2020 ਦੀ ਹਰੇਕ ਕਾਮੇ ਦੀ ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ $127,000 ਹੈ।

ਰੁਜ਼ਗਾਰਦਾਤਾ ਦੀ ਕੁੱਲ ਪੇਰੋਲ $235,000 ਹੈ।
($130,000 + $105,000 = $235,000)।

ਰੁਜ਼ਗਾਰਦਾਤਾ ਦੀ ਕੁੱਲ ਪੇਰੋਲ $232,000 ਹੈ।
($127,000 + $105,000 = $232,000)।

$232,000 ਉਹ ਰਾਸ਼ੀ ਹੈ ਜਿਸਨੂੰ WCB ਰੁਜ਼ਗਾਰਦਾਤਾ ਦੇ ਪ੍ਰੀਮੀਅਮ ਨੂੰ ਨਿਰਧਾਰਿਤ ਕਰਨ ਲਈ ਪ੍ਰਯੋਗ ਕਰਦਾ ਹੈ।

## ਨਿਰਧਾਰਨ ਕਰਨ ਯੋਗ ਆਮਦਨੀ ਦਾ ਉੱਚਤਮ ਪੱਧਰ ਕੀ ਹੈ?

2020 ਵਿੱਚ, ਨਿਰਧਾਰਨ ਕਰਨ ਯੋਗ ਆਮਦਨੀ ਦਾ ਉੱਚਤਮ ਪੱਧਰ $127,000 ਹੈ।
ਬਹੁਤ ਸਾਰੇ ਸੂਬਿਆਂ ਵਿੱਚ ਕਮਾਈ ਵਾਲੇ ਅਤੇ ਮੁਲਾਂਕਣਯੋਗ ਅਧਿਕਤਮ ਕਮਾਈਆਂ ਤੋਂ ਵੱਧ ਕਮਾਈ ਵਾਲੇ ਕਾਮਿਆਂ ਲਈ, ਉਨ੍ਹਾਂ ਦੀਆਂ ਕਮਾਈਆਂ ਨੂੰ ਸਾਰੇ ਸੂਬਿਆਂ ਵਿਚਕਾਰ ਅਨੁਪਾਤਿਕ ਕੀਤਾ ਜਾ ਸਕਦਾ ਹੈ।

## ਕੀ ਨਿਰਧਾਰਨ ਕਰਨ ਯੋਗ ਆਮਦਨੀ ਦਾ ਉੱਚਤਮ ਪੱਧਰ ਕਵਰੇਜ ਦੀਆਂ ਸਾਰੀਆਂ ਕਿਸਮਾਂ ਤੇ ਲਾਗੂ ਹੁੰਦੇ ਹਨ?

ਨਿਰਧਾਰਨ ਕਰਨ ਯੋਗ ਆਮਦਨੀ ਦਾ ਉੱਚਤਮ ਪੱਧਰ ਨਿੱਜੀ ਕਵਰੇਜ ਤੇ ਲਾਗੂ ਨਹੀਂ ਹੁੰਦੇ ਜੋ ਇੱਕ ਮਾਤਰ ਮਾਲਕ, ਭਾਗੀਦਾਰਾਂ ਜਾਂ ਨਿਰਦੇਸ਼ਕਾਂ ਰਾਹੀਂ ਖਰੀਦ ਲਈ ਮੌਜੂਦ ਹਨ – ਇਹ ਵਿਅਕਤੀ ਉੱਚਤਮ ਵੈਕਲਪਿਕ ਪੱਧਰ ਦਾ ਵਿਸ਼ਾ ਹਨ ਜੋ 2020 ਵਿੱਚ $513,990 ਹੈ।

ਨਿੱਜੀ ਕਵਰੇਜ ਦੀ ਵਧੇਰੀ ਜਾਣਕਾਰੀ ਲਈ, WCB ਦੀ ਵੈੱਬਸਾਈਟ ਤੇ ਨਿੱਜੀ ਕਵਰੇਜ ਸੈਕਸ਼ਨ ਨੂੰ ਦੇਖੋ।

## ਜੇ ਮੇਰਾ ਪ੍ਰੀਮੀਅਮ ਉੱਚਤਮ ਤੇ ਅਧਾਰਿਤ ਹੈ, ਕਾਮਿਆਂ ਦੇ ਲਾਭ ਵੀ ਉੱਚਤਮ ਤੱਕ ਸੀਮਿਤ ਹਨ।

ਮਜ਼ਦੂਰੀ ਦੀ ਹਾਨੀ ਦੇ ਫਾਇਦੇ ਜਖਮੀ ਕਾਮਿਆਂ ਨੂੰ ਦਿੱਤੇ ਜਾਂਦੇ ਹਨ ਜੋ ਉੱਚਤਮ ਨਿਰਧਾਰਨ ਕਰਨ ਯੋਗ ਆਮਦਨੀ ਪੱਧਰ ਤੱਕ ਸੀਮਿਤ ਨਹੀਂ ਹਨ। ਨਿੱਜੀ ਕਵਰੇਜ ਵਾਲੇ ਵਿਅਕਤੀਆਂ ਕੋਲ ਉਹਨਾਂ ਦੇ ਆਪਣੇ ਭੱਤਾ ਹਾਨੀ ਲਾਭ ਹੋਣਗੇ ਜੋ (ਉੱਚਤਮ ਵਿਕਲਪਿਤ ਕਵਰੇਜ ਦੇ ਪੱਧਰ ਤੱਕ) ਖਰੀਦੀ ਗਈ ਕਵਰੇਜ਼ ਦੀ ਮਾਤਰਾ ਤੱਕ ਸੀਮਿਤ ਹਨ।

### ਕੀ ਇੱਥੇ ਕਾਮਿਆਂ ਲਈ ਨਿਰਧਾਰਨ ਕਰਨ ਯੋਗ ਆਮਦਨੀ ਦਾ ਕੋਈ ਨਿਊਨਤਮ ਪੱਧਰ ਹੈ?

ਨਹੀਂ, ਇੱਥੇ ਕਾਮਿਆਂ ਲਈ ਨਿਰਧਾਰਨ ਕਰਨ ਯੋਗ ਆਮਦਨੀ ਦਾ ਕੋਈ ਨਿਊਨਤਮ ਪੱਧਰ ਨਹੀਂ ਹੈ।

### ਕਿਹੜੀ ਆਮਦਨੀ ਨੂੰ ਨਿਰਧਾਰਨ ਕਰਨ ਯੋਗ ਬਨਾਮ ਨਿਰਧਾਰਨ ਕਰਨ ਯੋਗ ਨਹੀਂ ਵਜੋਂ ਦੇਖਿਆ ਜਾਂਦਾ ਹੈ?

ਪੇਰੋਲ ਵਿੱਚ ਕਾਮਿਆਂ ਦੀ ਆਮਦਨੀ, ਸਰਸਰੀ ਲੇਬਰ ਦੀ ਆਮਦਨੀ ਅਤੇ ਠੇਕੇ ਤੇ ਕਾਮਿਆਂ ਦੀ ਆਮਦਨੀ ਦੀ ਲੇਬਰ ਰਿਪੋਰਟਿੰਗ ਸ਼ਾਮਿਲ ਹੁੰਦੀ ਹੈ। ਆਮ ਤੌਰ ਤੇ, ਜੇ ਆਮਦਨੀਆਂ ਕੈਨੇਡਾ ਰੇਵਿਨਿਊ ਏਜੰਸੀ (CRA) ਰਾਹੀਂ ਕਰ ਯੋਗ ਨਹੀਂ ਹਨ ਅਤੇ ਕਾਮਿਆਂ ਦੇ T4 ਤੇ ਰਿਪੋਰਟ ਕੀਤੀ ਗਈ ਹੈ, ਆਮਦਨੀ ਉਸ ਰਾਸ਼ੀ ਵਿੱਚ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ ਜਿਸਦੀ ਤੁਸੀਂ WCB ਨੂੰ ਰਿਪੋਰਟ ਕਰਦੇ ਹੋ। ਜੇ ਤੁਸੀਂ ਆਮਦਨੀ ਦੀ CRA ਵਿੱਚ ਰਿਪੋਰਟ ਨਹੀਂ ਕਰਨੀ ਹੈ, ਉਹ ਆਮ ਤੌਰ ਤੇ ਨਿਰਧਾਰਨ ਕਰਨ ਯੋਗ ਆਮਦਨੀ ਨਹੀਂ ਕਹੀ ਜਾਂਦੀ ਹੈ ਅਤੇ ਉਸਨੂੰ WCB ਦੇ ਹਿਸਾਬ ਲਈ ਤੁਹਾਡੇ ਪੇਰੋਲ ਵਿੱਚ ਸ਼ਾਮਿਲ ਕਰਨ ਦੀ ਜਰੂਰਤ ਨਹੀਂ ਹੈ।

ਅੰਤਿਕਾ ਏ ਨਿਰਧਾਰਨ ਕਰਨ ਯੋਗ ਅਤੇ ਗੈਰ-ਨਿਰਧਾਰਨ ਕਰਨ ਯੋਗ ਦੋਵੇਂ ਆਮਦਨੀਆਂ ਦੇ ਉਦਾਹਰਨਾਂ ਪ੍ਰਦਾਨ ਕਰਦਾ ਹੈ।

ਧਿਆਨ ਦਿਓ: ਨਿਰਧਾਰਨ ਕਰਨ ਯੋਗ ਅਤੇ ਗੈਰ-ਨਿਰਧਾਰਨ ਕਰਨ ਯੋਗ ਪੇਰੋਲ ਦੇ ਉਦਾਹਰਨ ਕਿਸੇ ਵੀ ਵੇਲੇ ਬਦਲ ਸਕਦੇ ਹਨ ਜੇ CRA ਆਪਣੀਆਂ ਪਾਲਿਸੀਆਂ ਨੂੰ ਬਦਲਦਾ ਹੈ ਕਿ ਕਿਹੜੀ ਆਮਦਨੀ ਨੂੰ ਕਰ ਯੋਗ ਦੇਖਣਾ ਹੈ ਜਾਂ WCB ਦੂਜੇ ਮਿਹਨਤਾਨੇ ਨੂੰ ਮੁਲਾਂਕਣ ਦੇ ਵਿਸ਼ੇ ਵਜੋਂ ਨਿਰਧਾਰਿਤ ਕਰਦਾ ਹੈ।

## ਅੰਤਿਕਾ ਏ

### ਨਿਰਧਾਰਨ ਕਰਨ ਯੋਗ ਆਮਦਨੀ

ਸੀ.ਆਰ.ਏ (ਕੈਨੇਡਾ ਰੈਵਨਿਊ ਏਜੰਸੀ) ਨੂੰ ਰਿਪੋਰਟ ਕੀਤੀਆਂ ਕੋਈ ਵੀ T4'd ਜਾਂ ਗੈਰ T4'd ਕਮਾਈਆਂ। ਇਸ ਤੋਂ ਇਲਾਵਾ, ਹੇਠਾਂ ਦਿੱਤੀਆਂ ਆਈਟਮਾਂ ਵੀ ਮੁਲਾਂਕਣਯੋਗ ਹੋਣਗੀਆਂ:

| |
|---|
| ਸੇਵਾਵਾਂ ਲਈ ਲੇਬਰ ਦਾ ਅਦਾਨ-ਪ੍ਰਦਾਨ |
| ਪਰਿਵਾਕ ਸਦੱਸ (ਜਦੋਂ ਕਮਾਈਆਂ ਨੂੰ ਬਿਜ਼ਨੈਸ ਰਿਕਾਰਡਾਂ ਵਿੱਚ ਰਿਕਾਰਡ ਕੀਤਾ ਜਾਂਦਾ ਹੈ ਪਰ ਸੀ.ਆਰ.ਏ ਵਿੱਚ ਨਹੀਂ) |
| ਵਲੰਟੀਅਰ ਫਾਇਰ ਜਾਂ ਐਂਬੂਲੈਂਸ ਵਰਕਰ (ਪ੍ਰੀਮੀਅਮ ਲੋਕਾਂ ਦੀ ਕੁੱਲ ਗਿਣਤੀ ਦੇ ਅਧਾਰ ‘ਤੇ ਹੋਵੇਗਾ, ਨਾ ਕਿ ਕਮਾਈ ‘ਤੇ) |

**ਗੈਰ-ਨਿਰਧਾਰਨ ਕਰਨ ਯੋਗ ਆਮਦਨੀ**

| |
|---|
| ਬੋਰਡ ਓਫ ਡਾਈਰੈਕਟਰ (ਨਗਰ ਨਿਗਮ ਸੰਚਾਲਨ), T4 ਤੇ ਨਹੀਂ, ਮੀਟਿੰਗ ਲਈ ਭੁਗਤਾਨ ਅਤੇ ਨਿਰੀਖਣ ਡਿਊਟੀ |
| ਮੌਤ ਦੇ ਲਾਭ |
| ਲਾਭਅੰਸ਼ (ਸ਼ੇਅਰ ਹੋਲਡਰ ਨੂੰ T5 ਤੇ ਦਿੱਤੇ ਗਏ) |
| ਵਾਧੂ ਕਮਾਈ (ਸਾਲਾਨਾ ਦੀਆਂ ਅਧਿਕਤਮ ਨਿਰਧਾਰਨ ਕਮਾਈ ਦੇ ਪੱਧਰ ਨਾਲੋਂ ਵੱਧ ਕਮਾਈਆਂ) |
| ਇੱਕ ਵੋਲਨਟੀਅਰ ਨੂੰ ਦਿੱਤਾ ਗਿਆ ਭੁਗਤਾਨ ਭੱਤਾ |
| ਤਨਖਾਹ |
| ਨਗਰ ਨਿਗਮ ਕਾਊਂਸਲਰ (ਕਾਊਂਸਿਲ ਵਿੱਚ ਆਦੇਸ਼ ਬਗੈਰ) |
| ਦੂਜੇ WCB ਨੂੰ ਦਿੱਤੀ ਗਈ ਦੇਸ਼ ਤੋਂ ਬਾਹਰ ਦੀ ਆਮਦਨੀ |
| ਆਓਟਵਰਕਰ ਆਮਦਨੀ ਜਿਵੇਂ ਮਨੀਟੋਬਾ ਦੇ ਵਰਕਰਜ਼ ਕੰਪਨਸੇਸ਼ਨ ਐਕਟ ਵਿੱਚ ਦਰਸਾਇਆ ਗਿਆ ਹੈ |
| ਪੈਨਸ਼ਨ ਅਤੇ ਸੇਵਾ ਨਿਵ੍ਰਿਤੀ ਲਾਭ |
| ਖਰਚੇ ਦੀ ਭਰਪਾਈ (ਕਰ ਯੋਗ ਨਹੀਂ) |
| ਸੇਵਾ ਨਿਵ੍ਰਿਤੀ ਭੱਤਾ ਜਿਸਨੂੰ ਕਾਰਜਕਾਲ ਦੀ ਸਮਾਪਤੀ ਤੇ ਦਿੱਤਾ ਜਾਂਦਾ ਹੈ / ਲੰਬੀ ਸੇਵਾ/ਦਫਤਰ ਮੁਆਵਜ਼ੇ ਦੀ ਹਾਨੀ |
| ਬਟਵਾਰੇ/ਵੰਡ ਦਾ ਤਨਖਾਹ ਜੋ ਸੇਵਾ ਦੇ ਸਾਲਾਂ ਤੇ ਅਧਾਰਤ ਹੈ। |
| ਸ਼ੇਅਰ ਹੋਲਡਰ ਲੋਨ ਨੂੰ ਦੁਬਾਰਾ ਭਰਨਾ |
| ਰੋਜ਼ਗਾਰ ਪ੍ਰਦਾਤਾ ਦੁਆਰਾ ਬਿਮਾਰੀ ਦੀ ਤਨਖਾਹ ਲਈ ਭਰਿਆ ਕ੍ਰੈਡਿਟ |
| ਇੱਕ ਕਾਰਪੋਰੇਸ਼ਨ ਦੇ ਨਿਰਦੇਸ਼ਕਾਂ ਦੀਆਂ ਕਮਾਈਆਂ |
| ਇੱਕ ਪੰਜੀਕ੍ਰਿਤ ਪਾਰਟਨਰਸ਼ਿੱਪ ਦੇ ਪਾਰਟਨਰਾਂ ਦੀਆਂ ਕਮਾਈਆਂ |
| ਮਾਲਕਾਂ ਦੀਆਂ ਇੱਕਮਾਤਰ ਕਮਾਈਆਂ |
| ਵਿਧਿਆਰਥੀ ਇਨਾਮ, ਤਨਖਾਹ, ਬ੍ਰਸ੍ਰੀਜ਼, ਸਕੋਲਰਸ਼ਿਪ ਦੇਣਾ ਬਸ਼ਰਤੇ ਉਹਨਾਂ ਨੇ ਇੱਕ ਰੁਜ਼ਗਾਰ ਦੀ ਸਥਿਤੀ ਵਜੋਂ ਪ੍ਰਾਪਤ ਨਹੀਂ ਕੀਤੀਆਂ ਹਨ। |
| WCB ਲਾਭ |

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ_" ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।